# Enhanced Powerline Safety Settings

[MUSIC PLAYING] Pacific Gas and Electric Company 'ਤੇ ਸਾਡੀ ਸਭ ਤੋਂ ਮਹੱਤਵਪੂਰਣ ਜ਼ਿੰਮੇਵਾਰੀ ਸਾਡੇ ਗਾਹਕਾਂ ਅਤੇ ਸਾਡੇ ਸਮੁਦਾਇ ਦੀ ਸੁਰੱਖਿਆ ਹੈ, ਜਿਨ੍ਹਾਂ ਦੀ ਸੇਵਾ ਕਰਨ ਦਾ ਸਾਨੂੰ ਵਿਸ਼ੇਸ਼ ਮੌਕਾ ਮਿਲਿਆ ਹੈ। ਜੰਗਲ ਦੀ ਅੱਗ ਦੇ ਵਧਦੇ ਖ਼ਤਰੇ ਨੂੰ ਦੇਖਦੇ ਹੋਏ PG&E ਜੰਗਲ ਦੀ ਅੱਗ ਦੀ ਰੋਕਥਾਮ ਦੇ ਯਤਨਾਂ ਨੂੰ ਵਿਕਸਤ ਕਰ ਰਿਹਾ ਹੈ। ਗੰਭੀਰ ਸੋਕੇ ਦੀ ਸਥਿਤੀ ਅਤੇ ਵਧਦੇ ਤਾਪਮਾਨ ਕੈਲੀਫੋਰਨੀਆ ਅਤੇ ਪੱਛਮੀ ਸੰਯੁਕਤ ਰਾਜ ਵਿੱਚ ਜੰਗਲ ਦੀ ਅੱਗ ਦੇ ਜੋਖ਼ਮ ਨੂੰ ਵਧਾ ਰਹੇ ਹਨ।

ਅਸੀਂ ਇਸ ਤੇਜ਼ੀ ਨਾਲ ਬਦਲਦੇ ਵਾਤਾਵਰਣ ਵਿੱਚ ਆਪਣੇ ਸਿਸਟਮ ਨੂੰ ਸੁਰੱਖਿਅਤ ਢੰਗ ਨਾਲ ਸੰਚਾਲਿਤ ਕਰਨ ਦੀ ਜ਼ਰੂਰਤ ਨੂੰ ਸਮਝਦੇ ਹਾਂ। ਇਹੀ ਕਾਰਨ ਹੈ ਕਿ ਅਸੀਂ ਅੱਗ ਦੇ ਉੱਚ ਜੋਖ਼ਮ ਵਾਲੇ ਕੁਝ ਖੇਤਰਾਂ ਵਿੱਚ ਵਾਧੂ ਨਵੇਕਲੇ ਸੁਰੱਖਿਆ ਉਪਾਅ ਲਾਗੂ ਕੀਤੇ ਹਨ। ਇਹਨਾਂ ਉਪਾਵਾਂ ਵਿੱਚੋਂ ਇੱਕ ਬਿਜਲੀ ਦੀਆਂ ਲਾਈਨਾਂ 'ਤੇ ਸੁਰੱਖਿਆ ਉਪਕਰਣਾਂ ਦੀਆਂ ਸੈਟਿੰਗਾਂ ਨੂੰ ਅੱਪਡੇਟ ਕਰਨਾ ਸ਼ਾਮਲ ਕਰਦਾ ਹੈ। ਅਸੀਂ ਆਪਣੇ ਬ੍ਰੇਕਰਾਂ ਅਤੇ ਰੀਕਲੋਜ਼ਰਾਂ ਦੀ ਸੰਵੇਦਨਸ਼ੀਲਤਾ ਨੂੰ ਵਿਵਸਥਿਤ ਕਰ ਰਹੇ ਹਾਂ, ਤਾਂ ਜੋ ਜੇਕਰ ਕਿਸੇ ਬਿਜਲੀ ਦੀ ਲਾਈਨ 'ਤੇ ਕੋਈ ਸਮੱਸਿਆ ਆਉਂਦੀ ਹੈ, ਤਾਂ ਉਹ ਵਧੇਰੇ ਤੇਜ਼ੀ ਨਾਲ ਬੰਦ ਹੋ ਜਾਣ।

ਇਹ ਵੀਡੀਓ ਸਾਡੀਆਂ ਅੱਪਡੇਟ ਕੀਤੀਆਂ ਗਈਆਂ ਸੈਟਿੰਗਾਂ ਅਤੇ ਉਹਨਾਂ ਦੁਆਰਾ ਸਾਡੇ ਸਿਸਟਮ ਨੂੰ ਸੁਰੱਖਿਅਤ ਬਣਾਉਣ ਬਾਰੇ ਸੰਖੇਪ ਜਾਣਕਾਰੀ ਪ੍ਰਦਾਨ ਕਰਦੀ ਹੈ। ਹਾਲਾਂਕਿ ਇਹ ਅੱਪਡੇਟ ਜੰਗਲ ਦੀ ਅੱਗ ਨੂੰ ਰੋਕਣ ਵਿੱਚ ਮਦਦ ਕਰ ਸਕਦੇ ਹਨ, ਇਸਦੇ ਨਤੀਜੇ ਵਜੋਂ ਸਾਡੇ ਗਾਹਕਾਂ ਲਈ ਵਧੇਰੇ ਵਾਰ ਅਤੇ ਜ਼ਿਆਦਾ ਲੰਮੇ ਸਮੇਂ ਲਈ ਬਿਜਲੀ ਦੇ ਕੱਟ ਲੱਗ ਸਕਦੇ ਹਨ। ਅਸੀਂ ਇਹ ਮੰਨਦੇ ਹਾਂ ਕਿ ਬਿਜਲੀ ਤੋਂ ਰਹਿਤ ਹੋਣਾ ਇੱਕ ਬੋਝ ਹੈ ਅਤੇ ਅਸੀਂ ਸੁਰੱਖਿਆ ਨਾਲ ਸਮਝੌਤਾ ਕੀਤੇ ਬਿਨਾਂ ਤੁਹਾਡੇ ਲਈ ਸੇਵਾ ਦੀ ਪਾਵਰ ਦੀ ਸੇਵਾ ਦੀ ਭਰੋਸੇਯੋਗਤਾ ਵਿੱਚ ਸੁਧਾਰ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਦੀ ਰੂਪ-ਰੇਖਾ ਤਿਆਰ ਕਰਨਾ ਚਾਹੁੰਦੇ ਹਾਂ।

ਇਹਨਾਂ ਬਹੁਤ ਸੁੱਕੀਆਂ ਅਤੇ ਖੁਸ਼ਕ ਹਾਲਤਾਂ ਵਿੱਚ ਸਾਡੇ ਸਮੁਦਾਇ ਵਿੱਚ ਗਾਹਕਾਂ ਦੀ ਸੁਰੱਖਿਆ ਵਿੱਚ ਮਦਦ ਕਰਨ ਲਈ, ਅਸੀਂ ਸਰਕਟਾਂ ਵਿੱਚ ਅਤੇ California Public Utilities Commission ਦੁਆਰਾ high fire threat district ਵਜੋਂ ਪਰਿਭਾਸ਼ਿਤ ਕੀਤੇ ਗਏ ਖੇਤਰਾਂ ਵਿੱਚ ਸੈਟਿੰਗਾਂ ਨੂੰ ਅੱਪਡੇਟ ਕਰ ਰਹੇ ਹਾਂ। ਜੇਕਰ ਸਿਸਟਮ ਕਿਸੇ ਸੰਭਾਵਿਤ ਸਮੱਸਿਆ ਦਾ ਪਤਾ ਲਗਾਉਂਦਾ ਹੈ, ਤਾਂ ਸਾਡੇ ਉਪਕਰਣਾਂ ਦੀ ਸੰਵੇਦਨਸ਼ੀਲਤਾ ਅਤੇ ਸੰਚਾਲਨ ਦੀ ਗਤੀ ਨੂੰ ਅੱਪਡੇਟ ਕਰਨ ਨਾਲ ਸਿਸਟਮ ਆਪਣੇ ਆਪ ਤੇਜ਼ੀ ਨਾਲ ਬਿਜਲੀ ਨੂੰ ਬੰਦ ਕਰ ਦੇਵੇਗਾ।

ਸਾਡੇ ਸਿਸਟਮ ਵਿੱਚ ਸੁਰੱਖਿਆ ਉਪਕਰਣਾਂ, ਸਰਕਟ ਬ੍ਰੇਕਰਾਂ, ਫਿਊਜ਼ਾਂ, ਰੀਕਲੋਜ਼ਰਾਂ ਦੀ ਇੱਕ ਅਜਿਹੀ ਲੜੀ ਹੈ, ਜੋ ਤੁਹਾਡੇ ਘਰ ਵਿਚਲੇ ਇਲੈਕਟ੍ਰਿਕ ਸਿਸਟਮ ਵਾਂਗ ਕੰਮ ਕਰਦੀ ਹੈ। ਜੇਕਰ ਕੋਈ ਵੀ ਨੁਕਸ ਆਉਂਦਾ ਹੈ, ਭਾਵੇਂ ਉਹ ਕਿਸੇ ਤਾਰ ਨਾਲ ਟਕਰਾਉਣ ਵਾਲੀ ਦਰਖ਼ਤ ਦੀ ਟਾਹਣੀ ਹੋਵੇ, ਜਾਂ ਉਪਕਰਣ ਦੇ ਵਿੱਚ ਆਉਣ ਵਾਲੀ ਕੋਈ ਸਮੱਸਿਆ, ਸੁਰੱਖਿਆ ਉਪਕਰਣ ਆਪਣੇ ਆਪ ਚਾਲੂ ਹੋ ਜਾਣਗੇ ਅਤੇ ਬਿਜਲੀ ਨੂੰ ਬੰਦ ਕਰ ਦੇਣਗੇ। ਘੱਟ ਗੰਭੀਰ ਸਥਿਤੀਆਂ ਦੇ ਦੌਰਾਨ ਬਿਜਲੀ ਵਾਰ-ਵਾਰ ਬੰਦ ਨਹੀਂ ਹੁੰਦੀ ਕਿਉਂਕਿ ਉਪਕਰਣ ਆਮ ਸੰਰਚਨਾ (ਕੌਂਫ਼ੀਗੇਸ਼ਨ) ਵਿੱਚ ਹੁੰਦੇ ਹਨ। ਪਰ ਅੱਜ ਦੇ ਮੌਜੂਦਾ ਵਾਤਾਵਰਣ ਵਿੱਚ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਸੀਂ ਜੰਗਲਾਂ ਦੀ ਵਿਨਾਸ਼ਕਾਰੀ ਅੱਗ ਨੂੰ ਘੱਟ ਕਰਨ ਲਈ ਹਰ ਸੰਭਵ ਕਦਮ ਚੁੱਕੀਏ।

[MUSIC PLAYING]

ਇੱਕ ਵਾਰ ਬਿਜਲੀ ਦੇ ਬੰਦ ਹੋਣ 'ਤੇ ਸਾਡੀਆਂ ਟੀਮਾਂ ਦੇ ਮੈਂਬਰ ਨੁਕਸ ਦੇਖਣ ਲਈ ਲਾਈਨ ਦਾ ਮੁਆਇਨਾ ਕਰਦੇ ਹਨ। ਕਿਸੇ ਕਾਰਨ ਕਰਕੇ ਸਿਸਟਮ ਦੀ ਬਿਜਲੀ ਬੰਦ ਹੋ ਗਈ ਹੈ। ਇਸ ਲਈ, ਸਾਡੇ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਅਜਿਹੀ ਕੋਈ ਸਮੱਸਿਆ ਨਾ ਹੋਵੇ, ਜਿਸ ਨਾਲ ਬਿਜਲੀ ਦੇ ਮੁੜ ਚਾਲੂ ਹੋਣ 'ਤੇ ਜੰਗਲ ਦੀ ਅੱਗ ਸ਼ੁਰੂ ਹੋ ਸਕੇ। ਨਿਰੀਖਣ ਜਾਂ ਤਾਂ ਜ਼ਮੀਨ 'ਤੇ ਜਾਂ ਹੈਲੀਕਾਪਟਰ ਰਾਹੀਂ ਹਵਾ ਵਿੱਚ ਕੀਤੇ ਜਾਂਦੇ ਹਨ।

ਜ਼ਮੀਨੀ ਗਸ਼ਤ ਨੂੰ ਸੀਮਿਤ ਪਹੁੰਚ ਵਾਲੇ ਅਤੇ ਮੁਸ਼ਕਲ ਖੇਤਰਾਂ ਵਿੱਚ ਪੈਦਲ ਚਲ ਕੇ ਕਰਨ ਦੀ ਜ਼ਰੂਰਤ ਹੋ ਸਕਦੀ ਹੈ। ਇਹ ਇੱਕ ਆਊਟੇਜ ਦੀ ਮਿਆਦ ਨੂੰ ਵਧਾ ਸਕਦਾ ਹੈ। ਜੇ ਤੁਹਾਡੀ ਪ੍ਰਾਪਰਟੀ ਵਿੱਚ ਕੋਈ ਬਿਜਲੀ ਦੀ ਲਾਈਨ ਹੈ, ਤਾਂ ਸਾਨੂੰ ਬਿਜਲੀ ਮੁੜ-ਬਹਾਲ ਕਰਨ ਲਈ ਉਥੇ ਪਹੁੰਚਣ ਦੀ ਲੋੜ ਪੈ ਸਕਦੀ ਹੈ। ਟੀਮਾਂ ਦੇ ਮੈਂਬਰ ਗਾਹਕਾਂ ਨੂੰ ਪੜਾਵਾਂ ਵਿੱਚ ਜਾਂ ਵਾਰੀ-ਵਾਰੀ ਮੁੜ-ਬਹਾਲ ਕਰਨਗੇ

ਕਿਉਂਕਿ ਸਰਕਟ ਦੇ ਵੱਖੋ ਵਖਰੇ ਹਿੱਸਿਆਂ ਨੂੰ ਸੁਰੱਖਿਅਤ ਅਤੇ ਮੁੜ-ਊਰਜਾਵਾਨ ਕਰਨ ਲਈ ਤਿਆਰ ਕਰਨਾ ਹੁੰਦਾ ਹੈ। ਸਾਡੀ ਤਰਜੀਹ ਬਿਜਲੀ ਨੂੰ ਜਲਦੀ ਤੋਂ ਜਲਦੀ ਮੁੜ-ਬਹਾਲ ਕਰਦੇ ਹੋਏ ਸੁਰੱਖਿਆ ਬਣਾਈ ਰੱਖਣਾ ਹੈ।

ਇਹ ਗੱਲ ਨੋਟ ਕਰਨਾ ਮਹੱਤਵਪੂਰਨ ਹੈ ਕਿ ਇਹਨਾਂ ਅੱਪਡੇਟ ਕੀਤੀਆਂ ਗਈਆਂ ਡਿਵਾਈਸ ਸੈਟਿੰਗਾਂ ਦੇ ਕਾਰਨ ਹੋਣ ਵਾਲੇ ਬਿਜਲੀ ਦੇ ਕੱਟ ਪਬਲਿਕ ਸੇਫ਼ਟੀ ਪਾਵਰ ਸ਼ੱਟਆਫ਼ (Public Safety Power Shutoffs) ਜਾਂ PSPS ਵਾਲੀਆਂ ਘਟਨਾਵਾਂ ਨਹੀਂ ਹਨ। PSPS ਵਾਲੀ ਘਟਨਾ ਤੇਜ਼ ਹਵਾ ਦੀਆਂ ਸਥਿਤੀਆਂ ਅਤੇ ਖੁਸ਼ਕ ਬਾਲਣਾਂ ਦੇ ਸਮੇਂ ਦੌਰਾਨ ਬਿਜਲੀ ਨੂੰ ਦੁਰਘਟਨਾ ਹੋਣ ਤੋਂ ਪਹਿਲਾਂ ਬੰਦ ਕਰਨ 'ਤੇ ਕੇਂਦ੍ਰਿਤ ਹੁੰਦੀ ਹੈ, ਜਦ ਕਿ ਸਾਡੀਆਂ ਨਵੀਂਆਂ ਡਿਵਾਈਸ ਸੈਟਿੰਗਾਂ ਨਾਲ ਜੁੜੇ ਇਹ ਆਊਟੇਜ ਯੋਜਨਾਬੱਧ ਨਹੀਂ ਹੁੰਦੇ ਹਨ। ਇਹ ਉਦੋਂ ਵਾਪਰਦੇ ਹਨ, ਜਦੋਂ ਸਾਡੇ ਸਿਸਟਮ ਵਿੱਚ ਬਿਜਲੀ ਦੀ ਲਾਈਨ ਵਿੱਚ ਕੋਈ ਨੁਕਸ ਜਾਂ ਸਮੱਸਿਆ ਆਉਂਦੀ ਹੈ। ਕਿਉਂਕਿ ਇਹ ਆਊਟੇਜ ਯੋਜਨਾਬੱਧ ਨਹੀਂ ਹੁੰਦੇ ਹਨ, ਇਸ ਲਈ ਅਸੀਂ ਅਡਵਾਂਸ ਸੂਚਨਾ ਨਹੀਂ ਦੇ ਸਕਦੇ।

ਪਰ ਬਿਜਲੀ ਕਦੋਂ ਮੁੜ-ਬਹਾਲ ਕੀਤੀ ਜਾਵੇਗੀ, ਇਸ ਬਾਰੇ ਜਿਵੇਂ ਹੀ ਸਾਨੂੰ ਜਾਣਕਾਰੀ ਮਿਲੇਗੀ, ਅਸੀਂ ਆਪਣੇ ਗਾਹਕਾਂ ਨੂੰ ਇਸ ਬਾਰੇ ਸਾਰੀ ਜਾਣਕਾਰੀ ਮੁਹੱਈਆ ਕਰਾਂਗੇ। ਅਸੀਂ ਗਾਹਕਾਂ ਨੂੰ ਮੌਜੂਦਾ ਆਊਟੇਜਾਂ ਦੇ ਬਾਰੇ ਅੱਪਡੇਟ ਲਈ ਸਾਡੀ ਵੈੱਬਸਾਈਟ pge.com/outage 'ਤੇ ਜਾਣ ਲਈ ਪ੍ਰੇਰਿਤ ਕਰਦੇ ਹਾਂ। ਅਸੀਂ ਇਹ ਜਾਣਦੇ ਹਾਂ ਕਿ ਇਨ੍ਹਾਂ ਰੁਕਾਵਟਾਂ ਕਾਰਨ ਕਿੰਨੀ ਕਠਨਾਈ ਹੋ ਸਕਦੀ ਹੈ, ਇਸ ਲਈ ਅਸੀਂ ਸਿਰਫ ਆਪਣੇ ਗਾਹਕਾਂ ਅਤੇ ਸਮੁਦਾਇ ਦੀ ਰੱਖਿਆ ਲਈ ਇਸ ਨਵੇਂ ਉਪਾਅ ਦੀ ਵਰਤੋਂ ਕਰ ਰਹੇ ਹਾਂ।

ਸਾਡੀ ਸੁਰੱਖਿਆ ਵਿੱਚ ਸੁਧਾਰ ਦੇ ਇਸ ਉਪਾਅ ਦੀ ਇੱਕ ਉਦਾਹਰਣ 7 ਸਤੰਬਰ ਨੂੰ ਹੋਈ, ਜਦੋਂ Oakhurst ਖੇਤਰ ਦੇ ਲਗਭਗ 1,000 ਗਾਹਕਾਂ ਦੀ ਬਿਜਲੀ ਚਲੀ ਗਈ। ਇੱਕ PG&E ਕੁਆਲੀਫਾਈਡ ਟੈਕਨੀਸ਼ੀਅਨ ਵੈੱਬਸਾਈਟ 'ਤੇ ਪਹੁੰਚਿਆ ਅਤੇ ਦੇਖਿਆ ਕਿ ਇੱਕ ਜੀਵਿਤ ਹਰਾ ਓਕ ਦਾ ਦਰਖਤ ਟੁੱਟ ਕੇ ਡਿੱਗ ਗਿਆ ਸੀ ਅਤੇ ਦੋ ਖੰਭਿਆਂ ਅਤੇ ਇਸਦੇ ਨਾਲ ਵਾਲੀ ਬਿਜਲੀ ਦੀ ਲਾਈਨ ਨੂੰ ਹੇਠਾਂ ਲਿਜਾ ਕੇ ਲਾਈਨ 'ਤੇ ਡਿੱਗ ਗਿਆ ਸੀ। ਸਾਡੇ ਸਰਕਟ 'ਤੇ ਸੁਰੱਖਿਆ ਉਪਕਰਣਾਂ ਦੀ ਸੰਵੇਦਨਸ਼ੀਲਤਾ ਅਤੇ ਗਤੀ ਨੇ ਅੱਗ ਲੱਗਣ ਤੋਂ ਪਹਿਲਾਂ ਹੀ ਇਸ ਲਾਈਨ ਦੀ ਪਾਵਰ ਕੱਟ ਦਿੱਤੀ। ਇਹ ਅਜਿਹੀਆਂ ਬਹੁਤ ਸਾਰੀਆਂ ਅਜਿਹੀਆਂ ਉਦਾਹਰਣਾਂ ਵਿੱਚੋਂ ਇੱਕ ਹੈ, ਜਿੱਥੇ ਇੱਕ ਵੱਡਾ ਖ਼ਤਰਾ ਲਾਈਨ 'ਤੇ ਪਾਇਆ ਗਿਆ ਸੀ ਅਤੇ ਸਾਡੇ ਸਿਸਟਮ ਨੇ ਆਪਣੇ ਆਪ ਪਾਵਰ ਨੂੰ ਕੱਟ ਕਰ ਦਿੱਤਾ ਅਤੇ ਸੰਭਾਵਿਤ ਤੌਰ 'ਤੇ ਜੰਗਲ ਦੀ ਵਿਨਾਸ਼ਕਾਰੀ ਅੱਗ ਨੂੰ ਰੋਕ ਦਿੱਤਾ।

[MUSIC PLAYING]

ਜਦ ਤੋਂ ਇਹ ਵਧੀਆਂ ਹੋਈਆਂ ਸੈਟਿੰਗਾਂ ਜੁਲਾਈ 2021 ਦੇ ਅਖੀਰ ਵਿੱਚ ਲਾਗੂ ਕੀਤੀਆਂ ਗਈਆਂ ਸਨ, ਅਸੀਂ California Public Utilities Commission ਨੂੰ ਰਿਪੋਰਟ ਕਰਨ ਵਾਲੇ high fire threat districts ਵਿੱਚ ਇਗਨੀਸ਼ਨਾਂ ਵਿੱਚ ਭਾਰੀ ਗਿਰਾਵਟ ਦੇਖੀ ਹੈ। ਗਲਤ ਹਾਲਾਤਾਂ ਵਿੱਚ ਇਹਨਾਂ ਇਗਨੀਸ਼ਨਾਂ ਦੇ ਨਤੀਜੇ ਵਜੋਂ ਜੰਗਲਾਂ ਵਿੱਚ ਵਿਨਾਸ਼ਕਾਰੀ ਅੱਗ ਲੱਗ ਸਕਦੀ ਸੀ। ਸਾਡੇ ਨਤੀਜਿਆਂ ਦੇ ਅਧਾਰ 'ਤੇ, ਡੇਟਾ ਪਿਛਲੇ ਤਿੰਨ ਸਾਲਾਂ ਦੀ ਔਸਤ ਨਾਲੋਂ 50% ਤੋਂ ਵੱਧ ਦੀ ਕਮੀ ਅਤੇ ਪਿਛਲੇ ਸਾਲ ਨਾਲੋਂ ਲਗਭਗ 60% ਦੀ ਕਮੀ ਦਰਸਾਉਂਦਾ ਹੈ। ਇਹ ਜੰਗਲਾਂ ਦੀ ਵੱਡੀ ਅੱਗ ਦੇ ਜੋਖ਼ਮ ਵਿੱਚ ਇੱਕ ਮਹੱਤਵਪੂਰਣ ਕਮੀ ਹੈ ਅਤੇ ਜੀਵਨ, ਘਰਾਂ ਅਤੇ ਵਾਤਾਵਰਣ ਦੀ ਰੱਖਿਆ ਵਿੱਚ ਮਦਦ ਕਰ ਰਹੀ ਹੈ।

ਅਸੀਂ ਆਊਟੇਜ ਦੀ ਬਾਰੰਬਾਰਤਾ, ਮਿਆਦ ਅਤੇ ਸਮੇਂ ਨੂੰ ਘੱਟ ਕਰਨ ਲਈ ਲਗਨ ਨਾਲ ਕੰਮ ਕਰ ਰਹੇ ਹਾਂ। ਇਸਦੇ ਲਈ ਅਸੀਂ ਬਿਜਲੀ ਬੰਦ ਕਰਨ ਸਬੰਧੀ ਵਧੇਰੇ ਟੀਚੇਬੱਧ ਨੀਤੀ ਅਪਨਾ ਰਹੇ ਹਾਂ ਅਤੇ ਸੈਟਿੰਗਾਂ ਨੂੰ ਹੋਰ ਅਨੁਕੂਲ ਬਣਾਕੇ, ਸਾਰੇ ਆਊਟੇਜਾਂ ਅਤੇ ਅੱਗ ਦੇ ਉੱਚ ਖ਼ਤਰੇ ਵਾਲੇ ਜ਼ਿਲ੍ਹਿਆਂ ਨੂੰ ਜਲਦੀ ਤੋਂ ਜਲਦੀ ਸੁਰੱਖਿਅਤ ਕਾਰਵਾਈ ਕਰ ਰਹੇ ਹਾਂ। ਅਤੇ ਜ਼ਮੀਨੀ ਅਤੇ ਹਵਾਈ ਗਸ਼ਤ ਦੀ ਵਰਤੋਂ ਕਰ ਕੇ ਆਊਟੇਜ ਦੀ ਮਿਆਦ ਨੂੰ ਘੱਟ ਕਰ ਰਹੇ ਹਾਂ।

ਅਸੀਂ ਆਪਣੇ ਉਨ੍ਹਾਂ ਗ੍ਰਾਹਕਾਂ ਦੀ ਮੁਸ਼ਕਲ ਨੂੰ ਸਮਝਦੇ ਹਾਂ, ਜਿਨ੍ਹਾਂ ਨੇ ਇਨ੍ਹਾਂ ਵਾਧੂ ਸੁਰੱਖਿਆ ਉਪਾਵਾਂ ਦੇ ਨਤੀਜੇ ਵਜੋਂ ਬਹੁਤ ਸਾਰੇ ਆਊਟੇਜਾਂ ਦਾ ਸਾਮ੍ਹਣਾ ਕੀਤਾ ਹੈ। ਅਸੀਂ ਜੋ ਕੁਝ ਵੀ ਕਰਦੇ ਹਾਂ, ਉਸ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ, ਅਸੀਂ ਆਪਣੇ ਗਾਹਕਾਂ ਦੇ ਅਨੁਭਵ ਨੂੰ ਬਿਹਤਰ ਬਣਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਾਂ।

ਸਾਡੇ ਕੋਲ ਆਪਣੇ ਗਾਹਕਾਂ ਨੂੰ ਆਊਟੇਜ ਲਈ ਤਿਆਰ ਕਰਨ ਅਤੇ ਸੁਰੱਖਿਅਤ ਰਹਿਣ ਵਿੱਚ ਮਦਦ ਕਰਨ ਲਈ ਕਈ ਸਰੋਤ ਉਪਲਬਧ ਹਨ। ਉਦਾਹਰਣ ਲਈ, ਅੱਗ ਦੇ ਉੱਚ ਖ਼ਤਰੇ ਵਾਲੇ ਖੇਤਰਾਂ ਵਿੱਚ ਰਹਿਣ ਵਾਲੇ ਸਾਡੇ ਮੈਡੀਕਲ ਬੇਸਲਾਈਨ ਪ੍ਰੋਗਰਾਮ (medical baseline program) ਦੇ ਗਾਹਕ ਇੱਕ ਪੋਰਟੇਬਲ ਬੈਟਰੀ ਪ੍ਰੋਗਰਾਮ ਦੇ ਯੋਗ ਹੋ ਸਕਦੇ ਹੋ। ਅਜਿਹੇ ਗਾਹਕਾਂ ਲਈ, ਜੋ

ਖੂਹ ਦੇ ਪਾਣੀ 'ਤੇ ਨਿਰਭਰ ਕਰਦੇ ਹਨ, ਸਾਡੇ ਮੈਡੀਕਲ ਬੇਸਲਾਈਨ ਪ੍ਰੋਗਰਾਮ ਦੇ ਗਾਹਕਾਂ ਲਈ ਅਤੇ ਕੁਝ ਛੋਟੇ ਵਪਾਰਾਂ ਲਈ ਇੱਕ ਜਨਰੇਟਰ ਛੋਟ ਪ੍ਰੋਗਰਾਮ ਮੌਜੂਦ ਹੈ। ਅਸੀਂ ਨਾਜ਼ੁਕ ਸਥਿਤੀ ਵਾਲੇ ਗਾਹਕਾਂ, ਦੂਰਸੰਚਾਰ ਕੈਰੀਅਰਾਂ ਅਤੇ ਸਥਾਨਕ ਏਜੰਸੀਆਂ ਨਾਲ ਆਪਣੀ ਸੂਚਨਾ ਪ੍ਰਣਾਲੀ ਅਤੇ ਤਾਲਮੇਲ ਨੂੰ ਵੀ ਵਧਾਇਆ ਹੈ।

ਜੇਕਰ ਤੁਸੀਂ ਇਨ੍ਹਾਂ ਸਰੋਤਾਂ ਅਤੇ ਸਾਡੇ ਵੱਲੋਂ ਜੰਗਲ ਦੀ ਅੱਗ ਨੂੰ ਰੋਕਣ ਲਈ ਚੁੱਕੇ ਜਾ ਰਹੇ ਦੂਜੇ ਕਦਮਾਂ ਬਾਰੇ ਹੋਰ ਜਾਣਨਾ ਚਾਹੁੰਦੇ ਹੋ, ਤਾਂ ਤੁਸੀਂ ਸਾਡੀ ਵੈੱਬਸਾਈਟ pge.com/wildfiresafety'ਤੇ ਜਾ ਸਕਦੇ ਹੋ। ਸਾਡੇ ਕੋਲ safetyactioncenter.pge.com'ਤੇ ਸੰਕਟਕਾਲੀਨ ਤਿਆਰੀ ਬਾਰੇ ਵਾਧੂ ਸਰੋਤ ਵੀ ਹਨ। ਜੇਕਰ ਤੁਹਾਡੇ ਕੋਲ ਕੋਈ ਸਵਾਲ ਹਨ, ਤਾਂ ਸਾਡੇ ਕੋਲ ਸਹਾਇਤਾ ਲਈ ਲੋਕ ਮੌਜੂਦ ਹਨ। ਤੁਸੀਂ ਸਾਡੀ ਟੀਮ ਨੂੰ wildfiresafety@pge.com 'ਤੇ ਈਮੇਲ ਕਰ ਸਕਦੇ ਹੋ ਜਾਂ 1-800-743-5000'ਤੇ ਕਾਲ ਕਰ ਸਕਦੇ ਹੋ। ਦੇਖਣ ਲਈ ਤੁਹਾਡਾ ਧੰਨਵਾਦ ਅਤੇ ਅਸੀਂ ਤੁਹਾਡੀ ਸੁਰੱਖਿਆ ਦੀ ਕਾਮਨਾ ਕਰਦੇ ਹਾਂ।

[MUSIC PLAYING]